ਔਰਤਾਂ ਦੀ ਲਹਿਰ ਸਾਹਮਣੇ ਚੁਣੌਤੀਆਂ

31.8.96.

ਗੁਰਸ਼ਰਨ ਸਿੰਘ

ਔਰਤਾਂ ਸਾਡੀ ਆਬਾਦੀ ਦਾ ਅੱਧਾ ਹਿੱਸਾ ਹਨ। ਸਮਾਜ ਵਿਚ ਕਿਸੇ ਹਾਂ-ਪੱਖੀ ਤਬਦੀਲੀ ਲਈ ਉਹਨਾਂ ਦੀ ਸਮਾਜਕ ਅਤੇ ਰਾਜਨੀਤਕ ਚੇਤਨਾ ਦਾ ਵਿਕਾਸ ਹੋਣਾ ਇਕ ਜ਼ਰੂਰੀ ਸ਼ਰਤ ਹੈ। ਇਸ ਸਿਲਸਿਲੇ ਵਿਚ ਚੇਤਨਾ ਮੰਚ ਚੰਡੀਗੜ੍ਹ ਵਲੋਂ 26 ਅਗਸਤ ਕਿਸਾਨ ਭਵਨ ਚੰਡੀਗੜ੍ਹ ਵਿਚ ਇਕ ਸਫਲ ਸੈਮੀਨਾਰ ਕੀਤਾ ਗਿਆ। ਇਸ ਸੈਮੀਨਾਰ ਵਿਚ ਔਰਤਾਂ ਦੀ ਲਹਿਰ ਨਾਲ ਸਬੰਧਤ ਚੋਟੀ ਦੀਆਂ ਸ਼ਖਸੀਅਤਾਂ ਸ੍ਰੀਮਤੀ ਵਿਮਲਾ ਡਾਂਗ ਅਤੇ ਕੁਲਹਿੰਦ ਜਨਵਾਦੀ ਇਸਤਰੀ ਸਭਾ ਦੀ ਜਨਰਲ ਸਕੱਤਰ ਬਰਿੰਦਾ ਕਰਤ ਨੇ ਸ਼ਮੂਲੀਅਤ ਕੀਤੀ। ਵਿਮਲਾ ਡਾਂਗ ਨੇ ਜਿਸ ਵਿਸਥਾਰ ਨਾਲ ਭਾਰਤ ਵਿਚ ਔਰਤਾਂ ਨਾਲ ਹੋ ਰਹੇ ਵਿਤਕਰੇ ਨੂੰ ਪੇਸ਼ ਕੀਤਾ, ਉਹ ਉਨ੍ਹਾਂ ਦੇ ਔਰਤਾਂ ਦੀ ਲਹਿਰ ਨਾਲ ਲੰਮੇ ਸਮੇਂ ਤੋਂ ਜੁੜੇ ਹੋਣ ਕਰਕੇ ਉਨ੍ਹਾਂ ਦੇ ਤਜਰਬੇ ਦੀ ਦੇਣ ਸੀ। ਉਨ੍ਹਾਂ ਨੇ ਬੜੇ ਸਫਲ ਤਰੀਕੇ ਨਾਲ ਔਰਤ ਦੀ ਲਹਿਰ ਸਾਹਮਣੇ ਦਰਪੇਸ਼ ਮਸਲਿਆਂ ਨੂੰ ਵਿਗਿਆਨਕ ਸੋਚ ਦੇ ਆਧਾਰ ਤੇ ਪੇਸ਼ ਕੀਤਾ। ਸੈਮੀਨਾਰ ਵਿਚ ਹੋਏ ਮੁੱਖ ਭਾਸ਼ਣਾਂ ਅਤੇ ਫੇਰ ਬਾਅਦ ਵਿਚ ਹੋਈ ਬਹਿਸ ਦੇ ਦਰਮਿਆਨ ਜੋ ਨੁਕਤੇ ਉੱਠੇ ਉਹਨਾਂ ਦਾ ਨੋਟਿਸ ਲੈਣਾ ਔਰਤਾਂ ਦੀ ਲਹਿਰ ਦੇ ਭਵਿੱਖ ਲਈ ਜ਼ਰੂਰੀ ਹੈ।

ਇਹ ਹਮਾਰਾ ਜੀਵਣਾ

ਕਾਨੂੰਨ ਹਨ ਪਰ ਲਾਗੂ ਨਹੀਂ ਹੁੰਦੇ : ਇਹ ਸੱਚ ਹੈ ਕਿ ਔਰਤਾਂ ਦੇ ਬੁਨਿਆਦੀ ਹੱਕਾਂ ਦੀ ਰਾਖੀ ਲਈ ਭਾਰਤੀ ਕਾਨੂੰਨ ਵਿਚ ਬਹੁਤ ਸਾਰੀਆਂ ਧਾਰਾਵਾਂ ਮੌਜੂਦ ਹਨ ਪਰ ਔਰਤਾਂ ਲਈ ਕਾਨੂੰਨ ਦੇ ਰਖਵਾਲਿਆਂ ਕੋਲੋਂ ਇਨਸਾਫ ਲੈਣਾ ਇਕ ਵੱਡੀ ਮੁਸ਼ਕਲ ਹੈ। ਔਰਤਾਂ ਦੀਆਂ ਜਥੇਬੰਦੀਆਂ ਦੀ ਇਹ ਇਕ ਮੁੱਖ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੇ ਸਰਗਰਮ ਸੈੱਲ ਬਣਾ ਕੇ ਕਾਨੂੰਨੀ ਤੌਰ 'ਤੇ ਦੁਖੀ ਔਰਤਾਂ ਨੂੰ ਰਾਹਤ ਦਿਵਾਉਣ। ਸੈਮੀਨਾਰ ਦੇ ਦੌਰਾਨ ਗੁਰਦਾਸਪੁਰ ਤੋਂ ਆਈ ਇਕ ਦੁਖੀ ਔਰਤ ਨੇ ਦੱਸਿਆ ਕਿ ਉਹਦੇ ਛੋਟੇ ਬੱਚੇ ਨਾਲ ਬਲਾਤਕਾਰ ਹੋਇਆ ਪਰ ਉਹਦੀ ਰਿਪੋਰਟ ਕਰਨ ਤੇ ਪੁਲਸ ਨੇ ਦੋਸ਼ੀ ਕੋਲੋਂ ਪੈਸੇ ਲੈ ਕੇ ਕੇਸ ਇਸ ਤਰ੍ਹਾਂ ਦਰਜ ਕੀਤਾ ਕਿ ਅਦਾਲਤ ਵਿਚ ਦੋਸ਼ੀ ਬਰੀ ਹੋ ਜਾਏ। ਸ਼ੀਲਾ ਦੀਦੀ ਨੇ ਉਸ ਕੇਸ ਦੀਆਂ ਪੇਚੀਦਗੀਆਂ ਦੱਸੀਆਂ ਤੇ ਇਹ ਵੀ ਦੱਸਿਆ ਕਿ ਪੰਜਾਬ ਇਸਤਰੀ ਸਭਾ ਨੇ ਇਸ ਕੇਸ ਨੂੰ ਇਕ ਚੈਲਿੰਜ ਦੇ ਤੌਰ 'ਤੇ ਆਪਣੇ ਹੱਥਾਂ ਵਿਚ ਲਿਆ ਹੈ। ਇਹ ਔਰਤਾਂ ਦੀ ਲਹਿਰ ਲਈ ਚੁਣੌਤੀਆਂ ਦੀ ਇਕ ਮਿਸਾਲ ਹੈ। ਇਸ ਪ੍ਰਸੰਗ ਵਿਚ ਇਹ ਵੀ ਗੱਲ ਉਭਰਕੇ ਆਈ ਕਿ ਸਰਕਾਰ ਨੇ ਇਸ ਮੰਤਵ ਲਈ ਲੀਗਲ ਸੈੱਲ ਬਣਾਏ ਹੋਏ ਹਨ। ਇਹ ਅਦਾਰੇ ਆਪਣੀ ਜ਼ਿੰਮੇਵਾਰੀ ਨਿਭਾਉਣ, ਇਹ ਪਹਿਰੇਦਾਰੀ ਵੀ ਔਰਤਾਂ ਦੀ ਲਹਿਰ ਲਈ ਇਕ ਵੱਡਾ ਕੰਮ ਹੈ।

ਔਰਤਾਂ ਦੇ ਮਸਲੇ ਵੱਲ ਪਹੁੰਚ ਬਾਰੇ ਫਲਸਫੇ ਤੇ ਤੌਰ 'ਤੇ ਵਖਰੇਵਾਂ ਹੈ : ਇਹ ਸੱਚ ਹੈ ਕਿ ਔਰਤਾਂ ਲਈ ਸਮਾਜਕ ਨਿਆਂ ਲੈ ਕੇ ਦੇਣ ਲਈ ਵੱਖ-ਵੱਖ ਔਰਤਾਂ ਦੀਆਂ ਜਥੇਬੰਦੀਆਂ ਦੀ ਵਚਨਬੱਧੀ ਹੈ ਪਰ ਪਹੁੰਚ ਵਿਚ ਫਲਸਫੇ ਦੇ ਪ੍ਰਸੰਗ ਵਿਚ ਬਹੁਤ ਵਖਰੇਵਾਂ ਹੈ। ਪ੍ਰੰਪਰਾਵਾਦੀ ਸਮਾਜਕ ਸੁਧਾਰਵਾਦੀਆਂ ਦੀ ਇਹ ਧਾਰਨਾ ਹੈ ਕਿ ਔਰਤਾਂ ਲਈ ਸਮਾਜਕ ਇਨਸਾਫ ਲਈ ਸਮਾਜਕ ਸੋਚ ਵਿਚ ਬੁਨਿਆਦੀ ਤਬਦੀਲੀ ਦੀ ਲੋੜ ਨਹੀਂ, ਸਗੋਂ ਪਤੀ-ਪ੍ਰਮੇਸ਼ਵਰ, ਸੀਤਾ ਸਾਵਿੱਤਰੀ ਦੇ ਸੰਕਲਪਾਂ ਨਾਲ ਹੀ ਔਰਤਾਂ ਨੂੰ ਸ਼ਾਂਤੀ ਅਤੇ ਸਨਮਾਨ ਦੀ ਜ਼ਿੰਦਗੀ ਮਿਲ ਸਕਦੀ ਹੈ। ਭਾਰਤੀ ਜਨਤਾ ਪਾਰਟੀ ਦੇ ਇਕ ਪ੍ਰਮੁੱਖ ਆਗੂ ਮੁਰਲੀ ਮਨੋਹਰ ਜੋਸ਼ੀ ਨੇ ਇਸ ਧਾਰਨਾ ਦੀ ਬੜੇ ਜੋਸ਼ ਨਾਲ ਵਕਾਲਤ ਕੀਤੀ ਹੈ। ਪ੍ਰਗਤੀਵਾਦੀ ਅਤੇ ਇਨਕਲਾਬੀ ਵਿਚਾਰਧਾਰਾ ਨਾਲ ਜੁੜੀਆਂ ਔਰਤਾਂ ਦੀਆਂ ਜਥੇਬੰਦੀਆਂ ਇਸ ਸੰਕਲਪ ਦੇ ਵਿਰੁੱਧ ਬੁਨਿਆਦੀ ਤਬਦੀਲੀਆਂ ਲਈ ਯਤਨਸ਼ੀਲ ਹਨ। ਉਹਨਾਂ ਦੀ ਧਾਰਨਾ ਹੈ ਕਿ ਇਨ੍ਹਾਂ ਪ੍ਰੰਪਰਾਵਾ ਦੀ ਸੰਕਲਪਾਂ ਦੇ ਵਿਰੁੱਧ ਬਗਾਵਤ ਹੀ ਔਰਤਾਂ ਲਈ ਮੁਕਤੀ ਦਾ ਰਾਹ ਹੈ। ਇਸ ਰਾਹ ਤੇ ਚੱਲਦਿਆਂ ਖੰਡਿਤ ਘਰਾਂ ਦੀਆਂ ਸੰਭਾਵਨਾਵਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਪਰ ਹਰ ਇਕ ਲਹਿਰ ਲਈ ਕੁਝ ਲੋਕਾਂ ਨੂੰ ਕੁਰਬਾਨੀ ਦੇਣੀ ਹੀ ਪੈਂਦੀ ਹੈ। ਸਟੇਟਸ ਕੋ ਅਤੇ ਬਦਲਾਓ ਇੱਛਕ ਸ਼ਕਤੀਆਂ ਦੀ ਆਪਸੀ ਵਿਰੋਧਤਾ ਸਮਾਜ ਦੇ ਹਰ ਖੇਤਰ ਵਿਚ ਹੈ। ਇਹ ਵਖਰੇਵਾਂ ਹੁੰਦਿਆਂ ਹੋਇਆਂ ਵੀ ਬੜੇ ਸਾਰੇ ਮਸਲੇ ਹਨ, ਜਿਨ੍ਹਾਂ ਬਾਰੇ ਸਾਂਝੀ ਸੋਚ ਅਪਣਾਈ ਜਾ ਸਕਦੀ ਹੈ। ਵਿਮਲਾ ਡਾਂਗ ਜੀ ਨੇ ਇਹਦੀ ਮਿਸਾਲ ਦਿੱਤੀ ਕਿ ਕਿਸ ਤਰ੍ਹਾਂ ਔਰਤਾਂ ਸਬੰਧਤ ਬਹੁਤ ਸਾਰੇ ਮਸਲਿਆਂ ਉੱਤੇ ਉਹ ਤੇ ਲਕਸ਼ਮੀ ਕਾਂਤ ਚਾਵਲਾ ਇਕ ਹੋ ਕੇ ਅਵਾਜ਼ਾਂ ਉਠਾਉਂਦੀਆਂ ਹਨ। ਕੇਤੀਆ ਕਾਂਡ ਬਾਰੇ ਪੰਜਾਬ ਅਸੈਂਬਲੀ ਵਿਚ ਹੋਈ ਕਾਰਵਾਈ ਇਹਦੀ ਮਿਸਾਲ ਹੈ।

ਬੁੱਧੀਜੀਵੀ ਵੀ ਕਈ ਵਾਰ ਪ੍ਰੰਪਰਾਵਾਦੀ ਸੋਚ ਅਪਣਾਉਂਦੇ ਹਨ: ਪ੍ਰਸਿੱਧ ਪੱਤਰਕਾਰ ਰਾਹੁਲ ਸਿੰਘ ਦਾ ਅੰਗਰੇਜ਼ੀ ਟ੍ਰਿਬਿਊਨ ਵਿਚ ਆਇਆ ਲੇਖ ਇਹਦੀ ਮਿਸਾਲ ਹੈ। ਉਹਨਾਂ ਦਾ ਅਤੇ ਹੋਰ ਬਹੁਤ ਸਾਰੇ ਬੁੱਧੀਜੀਵੀਆਂ ਦਾ ਇਹ ਵਿਚਾਰ ਹੈ ਕਿ ਔਰਤਾਂ ਨੂੰ ਪੰਚਾਇਤਾਂ, ਅਸੈਂਬਲੀਆਂ ਅਤੇ ਪਾਰਲੀਮੈਂਟ ਵਿਚ ਇਕ ਤਿਹਾਈ ਨੁਮਾਇੰਦਗੀ ਦੇਣ ਨਾਲ ਇਨ੍ਹਾਂ ਅਦਾਰਿਆਂ ਦਾ ਪੱਧਰ ਡਿਗ ਜਾਏਗਾ ਕਿਉਂਕਿ ਔਰਤਾਂ ਦਿਮਾਗੀ ਅਤੇ ਸਰੀਰਕ ਤੌਰ 'ਤੇ ਵੀ ਇਸ ਯੋਗ ਨਹੀਂ ਹਨ ਅਤੇ ਉਹਨਾਂ ਦੀਆਂ ਪਰਿਵਾਰਕ ਜ਼ਿੰਮੇਵਾਰੀਆਂ ਵੀ ਉਹਨਾਂ ਦੇ ਇਹ ਫਰਜ਼ ਨਿਭਾਉਣ ਵਿਚ ਰੁਕਾਵਟ ਹੋਣਗੀਆਂ। ਇਸ ਧਾਰਨਾ ਨੂੰ ਚੁਣੌਤੀ ਦੇਣੀ ਔਰਤਾਂ ਦੀ ਲਹਿਰ ਦੀ ਜ਼ਿੰਮੇਵਾਰੀ ਹੈ। ਇਹ ਅਸਿੱਧੇ ਤਰੀਕੇ ਨਾਲ ਸਟੇਟਸ ਕੋ ਰੱਖਣ ਦੀ ਸਾਜ਼ਿਸ਼ ਹੈ।

ਔਰਤਾਂ ਦੀ ਲਹਿਰ ਜਮਾਤੀ ਸੰਘਰਸ਼ਾਂ ਨੂੰ ਨਜ਼ਰ-ਅੰਦਾਜ਼ ਨਹੀਂ ਕਰ ਸਕਦੀ : ਔਰਤਾਂ ਤੇ ਹੁੰਦੇ ਸਮੁੱਚੇ ਅੱਤਿਆਚਾਰ ਦੇ ਸੰਦਰਭ ਵਿਚ ਇਹ ਨਹੀਂ ਭੁੱਲਣਾ ਚਾਹੀਦਾ ਕਿ ਗਰੀਬ ਅਤੇ ਮਿਹਨਤਕਸ਼ ਤਬਕੇ ਦੀਆਂ ਔਰਤਾਂ ਇਸ ਦਾ ਵੱਧ ਸ਼ਿਕਾਰ ਹਨ। ਔਰਤਾਂ ਦੀ ਲਹਿਰ ਲਈ ਜਮਾਤੀ ਵਖਰੇਵੇਂ ਦਾ ਨੋਟਿਸ ਲੈਣਾ ਜ਼ਰੂਰੀ ਹੈ। ਬਰਿੰਦਾ ਕਰਤ ਨੇ ਕੁਝ ਮਿਸਾਲਾਂ ਲੈ ਕੇ ਇਹ ਵੀ ਦੱਸਿਆ ਕਿ ਕੁਝ ਕਬੀਲਿਆਂ ਜਾਂ ਬਰਾਦਰੀਆਂ ਦੇ ਆਪਣੇ ਕਾਨੂੰਨ ਹਨ, ਜੋ ਮੁੱਖ ਤੌਰ 'ਤੇ ਔਰਤ ਵਿਰੋਧੀ ਹਨ। ਉਨ੍ਹਾਂ ਕਬੀਲਿਆਂ ਦੇ ਮੁਖੀ ਬਾਹਰ ਦਾ ਦਖਲ ਬਰਦਾਸ਼ਤ ਨਹੀਂ ਕਰਦੇ। ਆਪਣੇ ਹੀ ਕਬੀਲੇ ਵਿਚ ਉਹ ਕਿਸੇ ਔਰਤ ਨੂੰ ਮਾਮੂਲੀ ਜਿਹੇ ਅਪਰਾਧ ਲਈ, ਜਿਹੜੀ ਮੂਲ ਰੂਪ ਵਿਚ ਇਕ ਬਗਾਵਤ ਹੁੰਦੀ ਹੈ, ਮੌਤ ਤੱਕ ਦੀ ਸਜ਼ਾ ਵੀ ਦੇ ਦਿੰਦੇ ਹਨ। ਔਰਤਾਂ ਦੀ ਲਹਿਰ ਲਈ ਇਹ ਵੀ ਇਕ ਚੈਲਿੰਜ ਹੈ ਕਿ ਔਰਤ ਵਿਰੋਧੀ ਇਨ੍ਹਾਂ ਰੁਝਾਨਾਂ ਵਿਰੁੱਧ ਕਿਸ ਤਰ੍ਹਾਂ ਦਖਲ-ਅੰਦਾਜ਼ੀ ਕਰਨੀ ਹੈ।

ਇਕੋ ਸਿਵਲ ਕੋਡ ਦੀ ਮੰਗ ਬਾਰੇ ਸਪਸ਼ਟ ਸਟੈਂਡ ਦੀ ਲੋੜ ਹੈ : ਘੱਟ ਗਿਣਤੀ ਦੇ ਲੋਕਾਂ ਲਈ ਉਹਨਾਂ ਦਾ ਆਪਣਾ 'ਪਰਸਨਲ ਲਾਅ' ਔਰਤਾਂ ਦੀ ਲਹਿਰ ਲਈ ਇਕ ਮੁੱਦਾ ਹੈ। ਇਹ ਸਹੀ ਹੈ ਕਿ ਘੱਟ ਗਿਣਤੀ ਦੇ ਲੋਕਾਂ ਦੇ ਸਭਿਆਚਾਰ ਵਿਚ ਸਰਕਾਰ ਦਾ ਦਖਲ ਦੇਣਾ ਨਹੀਂ ਬਣਦਾ ਪਰ ਔਰਤਾਂ ਦੀ ਲਹਿਰ ਨੇ ਇਸ ਨੂੰ ਹੋਰ ਨਜ਼ਰੀਏ ਨਾਲ ਵੀ ਵੇਖਣਾ ਹੈ। ਮੁਸਲਿਮ ਪਰਸਨਲ ਲਾਅ ਦੇ ਸੰਦਰਭ ਵਿਚ ਇਹ ਵੇਖਣਾ ਹੈ ਕਿ ਘੱਟ ਗਿਣਤੀ ਦੇ ਫਿਰਕੇ ਦੇ ਸਭਿਆਚਾਰ ਦੀ ਰਖਵਾਲੀ ਕਿਸ ਪਹੁੰਚ ਨਾਲ ਕੀਤੀ ਜਾਏ। ਕੀ ਉਹ ਮੁਲਾਣਿਆਂ ਮੁਲਾਇਮ ਦੀ ਸੋਚ ਦੀ ਰਖਵਾਲੀ ਹੋਵੇ ਜਾਂ ਔਰਤਾਂ ਦੇ ਹੱਕ ਦੀ ਰਖਵਾਲੀ ਹੋਵੇ? ਔਰਤਾਂ ਦੀ ਲਹਿਰ ਲਈ ਇਹ ਵਖਰੇਵਾਂ ਕਰਨਾ ਬੜਾ ਜ਼ਰੂਰੀ ਹੈ।

ਕੁਝ ਹੋਰ ਨੁਕਤੇ : ਔਰਤਾਂ ਦੀ ਲਹਿਰ ਹਾਲੇ ਔਰਤਾਂ ਦੇ ਉੱਤੇ ਹੋ ਰਹੇ ਅਤਿਆਚਾਰਾਂ ਦਾ ਪੂਰੀ ਤਰ੍ਹਾਂ ਮੁਕਾਬਲਾ ਕਰਨ ਦੇ ਯੋਗ ਨਹੀਂ, ਇਸ ਨੂੰ ਹੋਰ ਸ਼ਕਤੀਸ਼ਾਲੀ ਬਣਾਉਣ ਦੀ ਲੋੜ ਹੈ। ਔਰਤਾਂ ਦਾ ਸੰਘਰਸ਼ ਸਮਾਜਕ ਇਨਸਾਫ ਦੇ ਸਮੁੱਚੇ ਸੰਘਰਸ਼ ਦਾ ਹਿੱਸਾ ਹੋਣਾ ਚਾਹੀਦਾ ਹੈ, ਇਹ ਮਰਦ ਵਿਰੋਧੀ ਨਹੀਂ। ਸਮਾਜਕ ਢਾਂਚੇ ਵਿਚ ਬੁਨਿਆਦੀ ਤਬਦੀਲੀ ਹੀ ਔਰਤਾਂ ਦੀ ਮੁਕਤੀ ਦੀ ਗਰੰਟੀ ਕਰ ਸਕਦੀ ਹੈ। ਬੱਚੇ ਦੇ ਨਾਂ ਨਾਲ ਪਿਤਾ ਦੇ ਨਾਂ ਦੇ ਨਾਲ-ਨਾਲ ਮਾਂ ਦਾ ਨਾਂ ਲਾਜ਼ਮੀ ਤੌਰ 'ਤੇ ਜੋੜਿਆ ਜਾਏ। ਮਾਂ, ਭੈਣ, ਧੀ ਦੀ ਗਾਲ੍ਹ ਕਾਨੂੰਨੀ ਤੌਰ 'ਤੇ ਜੁਰਮ ਸਮਝਿਆ ਜਾਏ। ਹਰ ਇਕ ਬੱਚੇ ਨੂੰ ਬਰਾਬਰ ਦਾ ਪੜ੍ਹਾਈ ਦਾ ਬੁਨਿਆਦੀ ਹੱਕ ਹੋਵੇ ਤਾਂ ਜੋ ਜੰਮਦਿਆਂ ਹੀ ਬੱਚਿਆਂ ਵਿਚ ਪਾਏ ਜਾਂਦੇ ਵਿਤਕਰੇ ਖਤਮ ਹੋਣ। ਚੇਤਨਾ ਮੰਚ ਵਲੋਂ ਇਹ ਸੈਮੀਨਾਰ ਇਕ ਆਰੰਭ ਸੀ। ਨਵੰਬਰ ਦੇ ਮਹੀਨੇ ਇਕ ਵੱਡੀ ਕਾਨਫਰੰਸ ਦਾ ਪ੍ਰੋਗਰਾਮ ਬਣਾਇਆ ਜਾ ਰਿਹਾ ਹੈ।